ਤੁਹਾਡਾ ਧਨ। ਤੁਹਾਡਾ ਭਵਿੱਖ।

employer.calsavers.com

## CalSavers ਕੀ ਹੈ?

CalSavers ਨਿੱਜੀ ਖੇਤਰ ਵਿੱਚ ਕਰਮਚਾਰੀਆਂ ਲਈ ਕੈਲੀਫੋਰਨੀਆ ਦਾ ਨਵਾਂ ਰਿਟਾਇਰਮੈਂਟ ਬੱਚਤ ਪ੍ਰੋਗਰਾਮ ਹੈ ਜਿਹਨਾਂ ਕੋਲ ਮੌਜੂਦਾ ਸਮੇਂ ਵਿੱਚ ਕੰਮ ‘ਤੇ ਬੱਚਤ ਕਰਨ ਦਾ ਕੋਈ ਤਰੀਕਾ ਨਹੀਂ ਹੈ। ਇਹ ਕਰਮਚਾਰੀਆਂ ਲਈ ਆਸਾਨ ਅਤੇ ਪੂਰੀ ਤਰ੍ਹਾਂ ਸਵੈ-ਇੱਛਿਤ ਹੈ।

- ਕਰਮਚਾਰੀ ਦੀਆਂ ਬੱਚਤਾਂ ਦੁਆਰਾ ਫੰਡ ਕੀਤਾ (ਕੋਈ ਨੌਕਰੀਦਾਤਾ ਫੀਸਾਂ ਜਾਂ ਯੋਗਦਾਨ ਨਹੀਂ)
- ਕਰਮਚਾਰੀ ਭਾਗੀਦਾਰੀ ਪੂਰੀ ਤਰ੍ਹਾਂ ਸਵੈ-ਇੱਛਿਤ ਅਤੇ ਉਹ ਕਿਸੇ ਵੀ ਸਮੇਂ ਚੁਣ ਸਕਦੇ ਹੋ ਜਾਂ ਬਾਹਰ ਜਾ ਸਕਦੇ ਹੋ
- ਨਿੱਜੀ ਸੈਕਟਰ ਵਿੱਤੀ ਸੇਵਾਵਾਂ ਦੁਆਰਾ ਪ੍ਰਬੰਧਿਤ ਅਤੇ ਰਾਜ ਦੇ ਖਜਾਨਚੀ ਦੀ ਪ੍ਰਧਾਨਗੀ ਵਿੱਚ ਪਬਲਿਕ ਬੋਰਡ ਦੁਆਰਾ ਨਿਰੀਖਣ ਕੀਤਾ ਹੋਇਆ

## ਸੀਮਿਤ ਨੌਕਰੀਦਾਤਾ ਦੀ ਭੂਮਿਕਾ

- CalSavers ‘ਤੇ ਕਰਮਚਾਰੀ ਦੀ ਜਾਣਕਾਰੀ ਅਪਲੋਡ ਕਰੋ
- ਆਸਾਨ ਪੇਰੋਲ ਕਟੌਤੀ ਰਾਹੀਂ CalSavers ‘ਤੇ ਭਾਗੀਦਾਰੀ ਕਰਮਚਾਰੀ ਯੋਗਦਾਨ ਸਬਮਿਟ ਕਰੋ
- ਪ੍ਰੋਗਰਾਮ ਆਸਾਨ ਬਣਾਉਣ ਲਈ ਨੌਕਰੀਦਾਤਾਵਾਂ ਲਈ ਕੋਈ ਫੀਸ ਨਹੀਂ ਹੈ ਅਤੇ ਨੌਕਰੀਦਾਤਾ ਪ੍ਰੋਗਰਾਮ ਦੇ ਜ਼ਿੰਮੇਵਾਰ ਵਿਅਕਤੀ ਨਹੀਂ ਹਨ



## CalSavers ਰਜਿਸਟ੍ਰੇਸ਼ਨ ਲੋੜ ਪੂਰੀ ਕਰਨਾ

CalSavers ਉਹਨਾਂ ਪੰਜ ਜਾਂ ਇਸ ਤੋਂ ਵੱਧ ਕਰਮਚਾਰੀਆਂ ਵਾਲੇ ਨੌਕਰੀਦਾਤਾਵਾਂ ‘ਤੇ ਲਾਗੂ ਹੁੰਦਾ ਹੈ ਜੋ ਰਿਟਾਇਟਮੈਂਟ ਸੇਵਿੰਗਸ ਪਲਾਨ ਨਹੀਂ ਦਿੰਦੇ। ਤਿੰਨ-ਸਾਲਾਂ ਦੇ ਚਰਨ ਵਿੱਚ ਕਰਮਚਾਰੀ ਆਕਾਰ ‘ਤੇ ਰਜਿਸਟ੍ਰੇਸ਼ਨ ਆਧਾਰ ਲਈ ਸੰਨਮੁਖ ਸਮਾਂ-ਸੀਮਾਵਾਂ ਸ਼ਾਮਲ ਹਨ। **ਆਪਣੇ ਰਜਿਸਟ੍ਰੇਸ਼ਨ ਸਮਾਂ-ਸੀਮਾ ਤੋਂ ਪਹਿਲਾਂ ਸਾਰੇ ਯੋਗ ਨੌਕਰੀਦਾਤਾ ਕਿਸੇ ਵੀ ਸਮੇਂ ਜੁੜ ਸਕਦੇ ਹਨ।**

| | | |
|---|---|---|
| 100 ਤੋਂ ਵੱਧ | ਸਮਾਂ-ਸੀਮਾ ਦਾ ਵਿਸਤਾਰ | 30 ਸਤੰਬਰ, 2020 **ਸਮਾਂ-ਸੀਮਾ ਪਾਰ ਹੋਈ। ਅੱਜ ਹੀ ਰਜਿਸਟਰ ਕਰੋ।** |
| 50 ਤੋਂ ਵੱਧ | | 30 ਜੂਨ, 2021 |
| 5 ਜਾਂ ਇਸ ਤੋਂ ਵੱਧ ਕਰਮਚਾਰੀ | | 30 ਜੂਨ, 2022 |

**ਜ਼ਿਆਦਾ ਜਾਣਕਾਰੀ ਲਈ**

employer.calsavers.com

clientservices@calsavers.com

(855) 650-6916

**ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:00 ਤੋਂ ਸ਼ਾਮ 8:00 PT**

**ਸਾਨੂੰ ਫਾਲੋ ਕਰੋ**

@CalSavers

CalSavers

# ਇੱਕ ਰਿਟਾਇਰਮੈਂਟ ਸੇਵਿੰਗਸ ਪ੍ਰੋਗਰਾਮ ‘ਤੇ ਕਰਮਚਾਰੀ ਭਰੋਸਾ ਕਰ ਸਕਦੇ ਹਨ

CalSavers ਰਿਟਾਇਰਮੈਂਟ ਲਈ ਬੱਚਤ ਕਰਨ ਲਈ ਕਰਮਚਾਰੀਆਂ ਵਾਸਤੇ ਆਸਾਨ, ਘੱਟ ਖ਼ਰਚ ਦਾ ਤਰੀਕਾ ਹੈ। ਇਹ ਇਸ ਤਰ੍ਹਾਂ ਹੈ:

- ਕਰਮਚਾਰੀ ਪੇਰੋਲ ਯੋਗਦਾਨਾਂ ਰਾਹੀਂ ਬੱਚਤ ਕਰਦੇ ਹਨ
- ਕਰਮਚਾਰੀਆਂ ਦਾ ਖਾਤਾ ਕਾਇਮ ਰਹਿੰਦਾ ਹੈ ਚਾਹੇ ਜੇ ਉਹ ਨੌਕਰੀ ਬਦਲਦੇ ਹਨ
- ਆਸਾਨ, ਆਟੋਮੈਟਿਡ ਨਾਮਾਂਕਣ
- ਰੋਥ ਵਿਅਕਤੀਗਤ ਰਿਟਾਇਰਮੈਂਟ ਖਾਤਾ (IRA)

## ਲੋਚਸ਼ੀਲ ਕਰਮਚਾਰੀ ਭਾਗੀਦਾਰੀ ਅਤੇ ਨਿਵੇਸ਼ ਚੋਣ

- ਮਿਆਰੀ ਨਿਵੇਸ਼ ਵਿਕਲਪ ਅਤੇ 5% ਦੀ ਬੱਚਤ ਦਰ
- ਬੱਚਤ ਦਰ[1] ਅਤੇ ਨਿਵੇਸ਼ਾਂ ਦੇ ਚੋਣ ਦੀ ਲੋਚਸ਼ੀਲਤਾ
- ਕਿਸੇ ਵੀ ਸਮੇਂ ਬਾਹਰ ਜਾਓ ਜਾਂ ਮੁੜ ਵਾਪਿਸ ਚੁਣੋ।[2]

## ਕਰਮਚਾਰੀ ਲਈ ਖ਼ਰਚ

- ਕਰਮਚਾਰੀ ਦੀ ਨਿਵੇਸ਼ ਚੋਣ ਦੇ ਆਧਾਰ ‘ਤੇ ਕਰਮਚਾਰੀ ਦੇ ਖਾਤੇ ਵਿੱਚ ਹਰ $100 ਲਈ ਪ੍ਰਤੀ ਸਾਲ $0.83 - $0.95
- ਹੇਠਾਂ ਦਿੱਤੇ ਲਈ ਭੁਗਤਾਨ ਕਰਦਾ ਹੈ:
  - ਪ੍ਰੋਗਰਾਮ ਦਾ ਪ੍ਰਬੰਧਨ
  - ਅੰਤਰਨਿਹਿਤ ਫੰਡ ਖ਼ਰਚ
  - ਇਹ-ਸੰਪੱਤੀ – ਆਧਾਰਿਤ ਫੀਸ ਨਿਯਮਿਤ ਆਧਾਰ ‘ਤੇ ਖਾਤੇ ਦੇ ਬੈਲੈਂਸ ਵਿੱਚੋਂ ਆਟੋਮੈਟਿਕਲੀ ਕੱਟੀ ਜਾਂਦੀ ਹੈ

## ਨਿਵੇਸ਼ ਮੈਨਯੂ

CalSavers ਦੇ ਭਾਗੀਦਾਰ ਮਿਆਰੀ ਨਿਵੇਸ਼ ਵਿਕਲਪਾਂ ਨਾਲ ਜੁੜੇ ਰਹਿ ਸਕਦੇ ਹਨ ਜਾਂ ਪਰੰਪਰਗਤ ਨਿਵੇਸ਼ ਵਿਕਲਪਾ ਵਿੱਚੋਂ ਇੱਕ ਆਸਾਨ ਮੈਨਯੂ ਤੋਂ ਚੁਣ ਸਕਦੇ ਹਨ ਜੋ ਉੱਚ ਵਾਪਿਸੀਆਂ ਦੀ ਤਲਾਸ਼ ਲਈ ਅਕਰਾਮਕ ਨਿਵੇਸ਼ਾਂ ਲਈ ਮੂਲਧਨ ਸੁਰੱਖਿਅਤ ਰੱਖਣ ਬਾਰੇ ਖੋਜਦੇ ਹਨ। ਜਦੋਂ ਕਰਮਚਾਰੀ CalSavers ਵਿੱਚ ਨਿਵੇਸ਼ ਕਰਦੇ ਹਨ, ਉਹਨਾਂ ਨੂੰ ਹਾਈ ਕਵਾਲਿਟੀ ਮਿਉਚਅਲ ਫੰਡਸ ਅਤੇ ਹੋਰ ਨਿਵੇਸ਼ ਵਿਕਲਪਾਂ ਤੱਕ ਪਹੁੰਚ ਮਿਲਦੀ ਹੈ, ਜਿਹਨਾਂ ਦਾ ਮੁੱਲ ਮਾਰਕਿਟ ਦੀਆਂ ਸਥਿਤੀਆਂ ਅਨੁਸਾਰ ਵੱਖ-ਵੱਖ ਹੋ ਸਕਦਾ ਹੈ।

ਚੋਣਾਂ ਵਿੱਚ ਸ਼ਾਮਲ ਹੈ:

- ਮਨੀ ਮਾਰਕਿਟ ਫੰਡ[3]
- ਟੀਚਾ ਰਿਟਾਇਟਮੈਂਟ ਡੇਟ ਫੰਡਸ[3]
- ਬਾਂਡ ਫੰਡ
- ਗਲੋਬਲ ਇਕਵਿਟੀ ਫੰਡ
- ਵਾਤਾਵਰਣ ਅਤੇ ਸਮਾਜਿਕ ਪੱਖੋਂ ਸਜਗ ਫੰਡ

ਕਰਮਚਾਰੀ saver.calsavers.com ‘ਤੇ ਨਿਵੇਸ਼ ਵਿਕਲਪਾਂ ਦੀ ਪੂਰੀ ਸੂਚੀ ਦੇਖ ਸਕਦੇ ਹਨ।

[1] ਯੋਗਦਾਨ Roth IRA ਲਈ ਤੈਅ ਫੈਡਰਲ ਯੋਗਦਾਨ ਸੀਮਾਵਾਂ ਤੱਕ ਹੋ ਸਕਦੇ ਹਨ।

[2] ਬਾਹਰ ਨਿਕਲ ਕੇ, ਕਰਮਚਾਰੀ ਖਾਤੇ ਵਿੱਚ ਕੋਈ  ਬਕਾਇਆ ਬੈਲੈਂਸ ਛੱਡ ਸਕਦੇ ਹਨ, ਜਾਂ ਦੂਜੇ Roth IRA ‘ਤੇ ਟ੍ਰਾਂਸਫ਼ਰ ਕਰ ਸਕਦੇ ਹਨ ਜਾਂ ਸਕਦੇ ਹਨ, ਜਾਂ ਵਿਤਰਣ ਦੀ ਬੇਨਤੀ ਕਰ ਸਕਦੇ ਹਨ। ਵਿਤਰਣ ਲਈ ਬੇਨਤੀ ਦਾ ਨਤੀਜਾ ਟੈਕਸ ਅਤੇ ਪੈਨਲਟੀਆਂ ਹੋ ਸਕਦਾ ਹੈ।

[3] ਸ਼ੁਰੂਆਤੀ ਯੋਗਦਾਨ 30 ਦਿਨਾਂ ਦੇ ਸਮੇਂ ਲਈ ਮਨੀ ਮਾਰਕਿਟ ਫੰਡ ਵਿੱਚ ਨਿਵੇਸ਼ ਕੀਤੇ ਜਾਣਗੇ। ਇਸ ਸਮੇਂ ਤੋਂ ਬਾਅਦ, ਮਨੀ ਮਾਰਕਿਟ ਫੰਡ ਵਿੱਚ ਕਮਾਈਆਂ ਅਤੇ ਭਵਿੱਖ ਦੇ ਯੋਗਦਾਨ ਤੁਹਾਡੀ ਉਮਰ ਦੇ ਆਧਾਰ ‘ਤੇ ਟਾਰਗੇਟ ਰਿਟਾਇਰਮੈਂਟ ਫੰਡ ਵਿੱਚ ਨਿਵੇਸ਼ ਕੀਤੇ ਜਾਣਗੇ।

*CalSavers ਰਿਟਾਇਮੈਂਟਸ ਸੇਵਿੰਗਸ ਪ੍ਰੋਗਰਾਮ (“CalSavers” ਜਾਂ “ਪ੍ਰੋਗਰਾਮ”) CalSavers ਰਿਟਾਇਮੈਂਟ ਸੇਵਿੰਗਸ ਬੋਰਡ (“ਬੋਰਡ”) ਦੁਆਰਾ ਆਟੋਮੈਟਿਕ ਨਾਮਾਂਕਣ ਕਟੌਤੀ IRA ਨਿਗਰਾਨੀ ਹੈ। ਐਸਸੈਨਸਸ ਕਾਲਜ ਸੇਵਿੰਗਸ ਰਿਕਾਰਡਕੀਪਿੰਗ ਸੇਵਾਵਾਂ LLC (“ACSR”) ਪ੍ਰੋਗਰਾਮ ਪ੍ਰਬੰਧਕ ਹੈ। ACSR ਅਤੇ ਇਸਦੇ ਸਹਿਯੋਗੀ ਦਿਨ ਪ੍ਰਤੀ ਦਿਨ ਪ੍ਰੋਗਰਾਮ ਸੰਚਾਲਨਾਂ ਲਈ ਜ਼ਿੰਮੇਵਾਰੀ ਹਨ। CalSavers ਜ਼ਰੀਏ ਪ੍ਰਤੀਭਾਗੀ ਬੱਚਤ ਲਾਭਦਾਇਕ ਤਰੀਕੇ ਨਾਲ ਰੱਖਦੀ ਹੈ ਅਤੇ ਇਸਦਾ saver.calsavers.com ਵਿੱਚ ਉਪਲਬਧ ਪ੍ਰੋਗਰਾਮ ਪ੍ਰਗਟਾਅ ਪੁਸਤਿਕਾ ਵਿੱਚ ਦਿੱਤੇ ਅਨੁਸਾਰ, ਆਪਣੇ IRAs ‘ਤੇ ਨਿਯੰਤਰਣ ਹੈ। CalSavers ਨੌਕਰੀਦਾਤਾ ਦੁਆਰਾ ਸਪਾਂਸਰਡ ਨਹੀਂ ਹੈ, ਅਤੇ ਇਸ ਲਈ ਨੌਕਰੀਦਾਤਾ ਪ੍ਰੋਗਰਾਮ ਲਈ ਜ਼ਿੰਮੇਵਾਰ ਨਹੀਂ ਹੈ ਜਾਂ ਪ੍ਰੋਗਰਾਮ ਸਪਾਂਸਰ ਦੇ ਤੌਰ ‘ਤੇ ਉੱਤਰਦਾਈ ਨਹੀਂ ਹੈ। ਨੌਕਰੀਦਾਤਾਵਾਂ ਨੂੰ ਪ੍ਰੋਗਰਾਮ ਸਮੱਰਥਨ ਕਰਨ ਜਾਂ ਭਾਗ ਲੈਣ ਲਈ ਕਰਮਚਾਰੀਆਂ ਨੂੰ ਉਤਸਾਹਿਤ ਕਰਨ ਜਾਂ ਸਲਾਹ ਦੇਣ, ਕਿੰਨਾ (ਜੇ ਕੋਈ) ਯੋਗਦਾਨ ਪਾਉਣ ਜਾਂ ਨਿਵੇਸ਼ ਸਹਾਇਤਾ ਕਰਨ ਦੀ ਇਜਾਜ਼ਤ ਨਹੀਂ ਹੈ।*

*CalSavers ਬੋਰਡ ਦੁਆਰਾ ਚੁਣੇ ਨਿਵੇਸ਼ ਵਿਕਲਪ ਪੇਸ਼ ਕਰਦਾ ਹੈ। CalSavers ਦੇ ਨਿਵੇਸ਼ ਵਿਕਲਪਾਂ ਬਾਰੇ ਹੋ ਜਾਣਕਾਰੀ ਲਈ saver.calsavers.com ‘ਤੇ ਜਾਓ। CalSavers ਵਿੱਚ ਖਾਤੇ ਦੇ ਬਕਾਏ ਮਾਰਕਿਟ ਦੀਆਂ ਸਥਿਤੀਆਂ ਅਨੁਸਾਰ ਵੱਖ-ਵੱਖ ਹੋ ਸਕਦੇ ਹਨ। CalSavers ਵਿੱਚ ਨਿਵੇਸ਼ ਬੋਰਡ ਸਟੇਟ ਆੱਫ਼ ਕੈਲੀਫੋਰਨੀਆਂ, ਫੈਡਰਲ ਡਿਪਾੱਜ਼ਿਟ ਇੰਸ਼ੋਰੈਂਸ ਕੋਰਪੋਰੇਸ਼ਨ, ਜਾਂ ਕਿਸੇ ਹੋਰ ਸੰਗਠਨ ਦੁਆਰਾ ਗਾਰੰਟਿਡ ਜਾਂ ਬੀਮਿਤ ਨਹੀਂ ਹਨ।*

*CalSavers ਪੂਰੀ ਤਰ੍ਹਾਂ ਸਵੈ-ਇੱਛਿਤ ਰਿਟਾਇਰਮੈਂਟ ਪ੍ਰੋਗਰਾਮ ਹੈ। ਸੇਵਰਸ ਤੋਂ ਕਿਸੇ ਵੀ ਸਮੇਂ ਨਿਕਲਿਆ ਜਾ ਸਕਦਾ ਹੈ ਜਾਂ ਪੇਰੋਲ ਦੇ ਯੋਗਦਾਨਾਂ ਦੀ ਰਾਸ਼ੀ ਘਟਾਈ ਜਾਂ ਵਧਾਈ ਜਾ ਸਕਦੀ ਹੈ। ਜੇ ਸੇਵਰ ਵਿੱਚੋਂ ਨਿਕਲਿਆ ਜਾਂਦਾ ਹੈ, ਤਾਂ ਉਹ ਬਾਅਦ ਵਿੱਚ CalSavers ਵਿੱਚ ਮੁੜ ਚੁਣੇ ਜਾ ਸਕਦੇ ਹਨ।*

*IRA ਰਾਹੀਂ ਬੱਚਤ ਹਰੇਕ ਵਿਅਕਤੀ ਲਈ ਉਚਿਤ ਨਹੀਂ ਹੋ ਸਕਦੀ। CalSavers ਦੇ ਨੌਕਰੀਦਾਤਾ ਸਹੂਲੀਅਤ ਨੂੰ ਭਾਗੀਦਾਰ ਨੌਕਰੀਦਾਤਾ, IRAs ਜਾਂ CalSavers ਦੁਆਰਾ ਦਿੱਤੇ ਨਿਵੇਸ਼ ਵਿਕਲਪ ਰਾਹੀਂ ਤਸਦੀਕ ਜਾਂ ਸਿਫਾਇਸ਼ ਨਹੀਂ ਸਮਝਦਾ ਚਾਹੀਦਾ। IRAs CalSavers ਤੋਂ ਬਾਹਰ ਨਹੀਂ ਹਨ ਅਤੇ ਇਹ ਪ੍ਰੋਗਰਾਮ ਤੋਂ ਬਾਹਰ ਵੀ ਨਹੀਂ ਹਨ ਅਤੇ ਪੇਰੋਲ ਕਟੌਤੀ ਦੇ ਬਾਹਰ ਵੀ ਯੋਗਦਾਨ ਪਾ ਸਕਦੇ ਹਨ। ਪੇਰੋਲ ਕਟੌਤੀ ਰਾਹੀਂ CalSavers IRA ਵਿੱਚ ਯੋਗਦਾਨ ਪਾਉਣ ਨਾਲ ਕੁਝ ਟੈਕਸ ਲਾਭ ਅਤੇ ਨਤੀਜੇ ਮਿਲ ਸਕਦੇ ਹਨ। ਹਾਲਾਂਕਿ, ਹਰ ਕੋਈ Roth IRA ਵਿੱਚ ਯੋਗਦਾਨ ਪਾਉਣ ਦੇ ਯੋਗ ਨਹੀਂ ਹੈ ਅਤੇ ਸੇਵਰਸ ਨੂੰ ਟੈਕਸ ਜਾਂ ਵਿੱਤੀ ਸਲਾਹਦਕਾਰ ਦੀ ਸਲਾਹ ਲੈਣੀ ਚਾਹੀਦੀ ਹੈ ਜੇ ਉਹਨਾਂ ਦੇ ਟੈਕਸ ਜਾਂ ਨਿਵੇਸ਼ ਸਬੰਧੀ ਸਵਾਲ ਹਨ। ਵਿੱਤੀ ਸਲਾਹ ਨਹੀਂ ਦਿੰਦੇ ਅਤੇ ਕਰਮਚਾਰੀਆਂ ਨੂੰ ਵਿੱਤੀ ਸਲਾਹ ਲਈ ਨੌਕਰੀਦਾਤਾ ਨਾਲ ਸੰਪਰਕ ਨਹੀਂ ਕਰਨਾ ਚਾਹੀਦਾ। ਨੌਕਰੀਦਾਤਾਵਾਂ ਨੂੰ ਪ੍ਰੋਗਰਾਮ ਬਾਰੇ ਸਾਰੇ ਸਵਾਲਾਂ ਲਈ CalSavers ਦਾ ਸੰਦਰਭ ਲੈਣਾ ਚਾਹੀਦਾ ਹੈ। ਨੌਕਰੀਦਾਤਾ ਕੈਲੀਫੋਰਨੀਆ ਸਰਕਾਰ ਕੋਡ ਦੇ ਸੈਕਸ਼ਨ 100034 ਦੇ ਅਨੁਸਾਰ ਕਰਮਚਾਰੀਆਂ ਦੁਆਰਾ ਲਏ ਗਏ ਨਿਰਣਿਆਂ ਲਈ ਉੱਤਰਦਾਈ ਨਹੀਂ ਹਨ।*

402583-SFRP-446262-CA-PJ (03/21)